**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ**
**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਸ.ਅ.ਸ. ਨਗਰ**
**(ਦਫਤਰੀ ਅਮਲਾ ਸ਼ਾਖਾ)**

# ਪਬਲਿਕ ਨੋਟਿਸ

ਸਿੱਖਿਆ ਵਿਭਾਗ, ਪੰਜਾਬ ਵੱਲੋਂ ਖੇਤਰੀ ਦਫਤਰਾਂ/ ਸਰਕਾਰੀ ਸਕੂਲਾਂ ਵਿੱਚ ਕਲਰਕਾਂ ਦੀਆਂ ਪਦ-ਉਨਤੀ ਕੋਟੇ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਦਰਜਾ-3 (ਕਲਰਕ ਦੇ ਤਨਖਾਹ ਤੋਂ ਘੱਟ ਸਕੇਲ ਵਿੱਚ) ਕਰਮਚਾਰੀਆਂ ਅਤੇ ਦਰਜਾ-4 (ਦਸਵੀਂ ਪਾਸ) ਕਰਮਚਾਰੀਆਂ ਤੋਂ ਬਤੌਰ ਕਲਰਕ ਪਦ-ਉਨਤੀ ਲਈ ਵਿਭਾਗ ਦੇ ਨਿਯਮ "Punjab Education Department Ministerial and Non-teaching staff (Subordinate offices and Border Area) Group C Service, Rule-2018" ਅਨੁਸਾਰ ਅੰਗਰੇਜ਼ੀ ਅਤੇ ਪੰਜਾਬੀ ਦੋਵੇਂ ਭਾਸ਼ਾਵਾਂ ਵਿੱਚ ਕੰਪਿਊਟਰ ਤੇ ਟਾਈਪ ਟੈਸਟ 30 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਪਾਸ ਕਰਨਾ ਲਾਜ਼ਮੀ ਹੈ।

ਉਕਤ ਅਨੁਸਾਰ ਕਲਰਕ ਦੀ ਅਸਾਮੀ ਤੇ ਪੱਦਉਨਤ ਕਰਨ ਲਈ ਮਿਤੀ: 17/09/2018 ਤੋਂ 19/09/2018 ਤੱਕ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਦੋਵੇਂ ਭਾਸ਼ਾਵਾਂ ਵਿੱਚ (ਅੰਗਰੇਜ਼ੀ ਅਤੇ ਪੰਜਾਬੀ) ਟਾਈਪ ਟੈਸਟ ਲੈਣ ਲਈ ਸਮਾਂ ਨਿਰਧਾਰਤ ਕੀਤਾ ਜਾਂਦਾ ਹੈ। ਇਸ ਸਬੰਧੀ ਸ਼ਡਿਊਲ ਤੇ ਸਥਾਨ ਬਾਅਦ ਵਿੱਚ ਵਿਭਾਗ ਦੀ ਵੈਬਸਾਈਟ ਦੇ ਪਾ ਦਿੱਤਾ ਜਾਵੇਗਾ।

1. ਇਸ ਲਈ ਸਿੱਖਿਆ ਵਿਭਾਗ ਦੇ ਖੇਤਰੀ ਦਫਤਰਾਂ/ ਸਰਕਾਰੀ ਸਕੂਲਾਂ/ ਸੰਸਥਾਵਾਂ ਵਿੱਚ ਕੰਮ ਕਰਦੇ ਦਸਵੀਂ ਪਾਸ ਦਰਜਾ ਚਾਰ ਕਰਮਚਾਰੀ ਜੋ ਪੰਜਾਬੀ ਅਤੇ ਅੰਗਰੇਜ਼ੀ ਟਾਈਪ ਟੈਸਟ ਦੇਣਾ ਚਾਹੁੰਦੇ ਹਨ, ਉਹ ਦਰਜਾ-4 ਕਰਮਚਾਰੀ ਮਿਤੀ: 11/09/2018 ਨੂੰ 11:59 PM ਤੱਕ ਵਿਭਾਗ ਦੀ ਵੈੱਬਸਾਈਟ www.ssapunjab.org ਤੇ ਬਣਾਏ ਗਏ ਪੋਰਟਲ ਤੇ ਆਪਣਾ ਨਾਂ (ਸਮੇਤ ਸੀਨੀਆਰਤਾ ਨੰਬਰ) ਅਤੇ ਹੋਰ ਵੇਰਵੇ ਦਰਜ ਕਰਵਾਉਣ।
2. ਉਪਰੋਕਤ ਤੋਂ ਇਲਾਵਾ ਅਧੀਨ ਦਫਤਰਾਂ/ ਸਕੂਲਾਂ/ ਸੰਸਥਾਵਾਂ ਵਿੱਚ ਕੰਮ ਕਰਦੇ ਦਰਜਾ-3 ਕਰਮਚਾਰੀਆਂ (ਐਸ.ਐਲ.ਏਜ਼, ਲਾਇਬ੍ਰੇਰੀਅਨ/ ਸਹਾਇਕ ਲਾਇਬ੍ਰੇਰੀਅਨ/ ਲਾਇਬ੍ਰੇਰੀ ਰਿਸਟੋਰਰ, ਡਰਾਈਵਰ), ਜੋ ਬਤੌਰ ਕਲਰਕ ਪਦ-ਉਨਤੀ ਲੈਣ ਦੇ ਚਾਹਵਾਨ ਹੋਣ, ਉਹ ਕਰਮਚਾਰੀ ਵੀ ਮਿਤੀ 11/09/2018 ਨੂੰ 11:59 PM ਤੱਕ ਵਿਭਾਗ ਦੀ ਵੈਬਸਾਈਟ www.ssapunjab.org ਤੇ ਬਣਾਏ ਗਏ ਪੋਰਟਲ ਤੇ ਆਪਣਾ ਨਾਂ (ਸਮੇਤ ਸੀਨੀਆਰਤਾ ਨੰਬਰ) ਅਤੇ ਹੋਰ ਵੇਰਵੇ ਦਰਜ ਕਰਵਾਉਣ।

ਜਿਹਨਾਂ ਕਰਮਚਾਰੀਆਂ ਵੱਲੋਂ ਆਨ-ਲਾਈਨ ਪੋਰਟਲ ਤੇ ਆਪਣਾ ਨਾਂ ਮਿੱਥੇ ਸਮੇਂ ਅੰਦਰ-2 ਦਰਜ ਨਹੀਂ ਕਰਵਾਇਆ ਗਿਆ, ਉਹਨਾਂ ਕਰਮਚਾਰੀਆਂ ਦਾ ਟਾਈਪ ਟੈਸਟ ਨਹੀਂ ਲਿਆ ਜਾਵੇਗਾ।

ਕਰਮਚਾਰੀਆਂ ਦਾ ਟਾਈਪ ਟੈਸਟ ਸਰਕਾਰ ਵੱਲੋਂ ਨਿਰਧਾਰਤ ਕੀਤੀ ਗਈਆਂ ਸ਼ਰਤਾਂ ਅਨੁਸਾਰ ਲਿਆ ਜਾਵੇਗਾ। ਸੇਵਾਕਾਲ ਵਾਧੇ ਤੇ ਚੱਲ ਰਹੇ ਕਰਮਚਾਰੀਆਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਦ-ਉਨਤੀ ਨਹੀਂ ਦਿੱਤੀ ਜਾ ਸਕਦੀ। ਇਸ ਲਈ ਜੋ ਕਰਮਚਾਰੀ ਸੇਵਾਕਾਲ ਵਾਧੇ ਤੇ ਚੱਲ ਰਹੇ ਹਨ, ਉਹ ਟਾਈਪ ਟੈਸਟ ਵਿੱਚ ਸ਼ਾਮਿਲ ਨਹੀਂ ਹੋ ਸਕਦੇ।

ਇਹ ਨੋਟਿਸ ਵਿਭਾਗ ਦੀ ਵੈਬਸਾਈਟ www.ssapunjab.org ਤੇ ਹੀ ਅਪਲੋਡ ਕੀਤਾ ਗਿਆ ਹੈ। ਟਾਈਪ ਟੈਸਟ ਲਈ ਆਉਣ ਵਾਲੇ ਸਮੂਹ ਕਰਮਚਾਰੀ ਵਿਭਾਗ ਦੀ ਵੈਬਸਾਈਟ ਤੇ ਉਪਲਬੱਧ ਪ੍ਰੋਫਾਰਮੇ ਨੂੰ ਸਬੰਧਤ ਸੰਸਥਾ/ਮੁਖੀ (ਜਿੱਥੇ ਉਹ ਕੰਮ ਕਰਦੇ ਹਨ) ਵੱਲੋਂ ਤਸਦੀਕ ਕਰਵਾਉਣਗੇ ਅਤੇ ਹਰ ਪੱਖੋਂ ਮੁਕੰਮਲ ਕਰਕੇ ਨਾਲ ਲੈ ਕੇ ਆਉਣ ਲਈ ਪਾਬੰਦ ਹੋਣਗੇ।

ਜੋ ਕਰਮਚਾਰੀ ਅੰਗਹੀਣ ਕੈਟਾਗਰੀ ਨਾਲ ਸਬੰਧ ਰੱਖਦੇ ਹਨ ਉਹ ਕਰਮਚਾਰੀ ਟਾਈਪ ਟੈਸਟ ਵਿੱਚ ਛੋਟ ਲੈਣ ਲਈ ਸਬੰਧਤ ਜਿਲ੍ਹੇ ਦੇ ਸਿਵਲ ਸਰਜਨ ਵੱਲੋਂ ਟਾਈਪ ਟੈਸਟ ਦਾ ਛੋਟ ਸਬੰਧੀ ਸਰਟੀਫਿਕੇਟ ਲੈ ਕੇ ਆਉਣ। ਕੇਵਲ ਉਨ੍ਹਾਂ ਕਰਮਚਾਰੀਆਂ ਨੂੰ ਹੀ ਟਾਈਪ ਟੈਸਟ ਤੋਂ ਛੋਟ ਦੇਣ ਸਬੰਧੀ ਨਿਯਮਾਂ ਅਨੁਸਾਰ ਵਿਚਾਰਿਆ ਜਾਵੇਗਾ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ)
ਪੰਜਾਬ।